**Exam. Code : 112503**
**Subject Code : 1071**

**Bachelor of Physical Education and Sports (B.P.E.S.) Part–III**

**MUDHLI PUNJABI**

**Paper—VI (ii)**

Time Allowed—2 Hours] [Maximum Marks—100

**ਨੋਟ :-** ਕੁੱਲ **ਅੱਠ** ਪ੍ਰਸ਼ਨਾਂ ਦੇ ਸਮਾਨ ਅੰਕ ਹਨ। ਪਰੀਖਿਆਰਥੀਆਂ ਨੇ ਕੋਈ **ਚਾਰ** ਪ੍ਰਸ਼ਨ ਕਰਨੇ ਹਨ।

1. ਮਿੱਠਤ ਨਾਲ ਅਸੀਂ ਕਈ ਕੰਮ ਕੱਢ ਸਕਦੇ ਹਾਂ, ਲੋਕਾਂ ਕੋਲੋਂ ਸਤਿਕਾਰ ਤੇ ਪ੍ਰਸੰਸਾ ਪ੍ਰਾਪਤ ਕਰਦੇ ਹਾਂ ਤੇ ਉਨ੍ਹਾਂ ਉੱਤੇ ਆਪਣੇ ਸ਼ੁਭ ਆਚਰਨ ਦਾ ਪ੍ਰਭਾਵ ਪਾ ਸਕਦੇ ਹਾਂ ਇਸਦੇ ਉਲਟ ਕੌੜਾ ਬੋਲਣਾ ਇਕ ਅਜਿਹਾ ਔਗੁਣ ਹੈ ਜਿਸਦੇ ਹੇਠਾਂ ਮਨੁੱਖ ਦੇ ਸ਼ੁਭ ਗੁਣ ਵੀ ਢੱਕੇ ਜਾਂਦੇ ਹਨ। ਕੌੜਾ ਬੋਲਣ ਵਾਲੇ ਤੋਂ ਲੋਕ ਦੂਰ-ਦੂਰ ਰਹਿੰਦੇ ਹਨ। ਅਜਿਹਾ ਬੰਦਾ ਭਾਵੇ ਕਿੰਨਾ ਅਮੀਰ ਤੇ ਗਿਆਨਵਾਨ ਹੋਵੇ ਜਾਂ ਕਿਸੇ ਉੱਚੀ ਪੱਦਵੀ ਉੱਤੇ ਹੋਵੇ, ਉਹ ਲੋਕਾਂ ਵਿੱਚ ਦਿਲੀ ਆਦਰ ਪ੍ਰਾਪਤ ਨਹੀਂ ਕਰ ਸਕਦਾ। ਸਭ ਲੋਕ ਮਿੱਠਤ ਦੇ ਗਾਹਕ ਹਨ ਤੇ ਸਾਰੇ ਹੀ ਕੌੜੀ ਚੀਜ਼ ਨੂੰ ਥੁੱਕ ਦੇਂਦੇ ਹਨ। ਕੌੜੇ, ਫਿੱਕੇ ਤੇ ਖਰ੍ਹਵੇਂ ਬੋਲ ਅਤੇ ਵਿੰਨ੍ਹਵੀਂ ਟੋਕਾ-ਟਾਕੀ ਤੇ ਆਲੋਚਨਾ ਹਰ ਕਿਸੇ ਦਾ ਦਿਲ ਲੂੰਹਦੀ ਹੈ ਤੇ ਇਨ੍ਹਾਂ ਦਾ ਅਸਰ ਸਦੀਵੀ ਹੁੰਦਾ ਹੈ। ਇਸੇ ਵਾਸਤੇ ਕਿਹਾ ਜਾਂਦਾ ਹੈ ਕਿ 'ਤਲਵਾਰ ਦਾ ਫੱਟ ਮਿਲ ਜਾਂਦਾ ਹੈ, ਪਰ ਜ਼ਬਾਨ ਦਾ ਫੱਟ ਕਦੀ ਨਹੀਂ ਮਿਟਦਾ'। ਉਪਰਲੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :
   (ੳ) ਕਿਸ ਗੁਣ ਨਾਲ ਲੋਕਾਂ ਤੋਂ ਕੰਮ ਕਢਾਇਆ ਜਾ ਸਕਦਾ ਹੈ ?



   (ਅ) ਸਾਰੇ ਲੋਕ ਕਿਸ ਔਗੁਣ ਤੇ ਥੁੱਕਦੇ ਹਨ ?
   (ੲ) ਕਿਸ ਦਾ ਫੱਟ ਮਿਟ ਜਾਂਦਾ ਹੈ ? ਕਿਸਦਾ ਨਹੀਂ ਮਿਟਦਾ ?
   (ਸ) ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਉ।
   (ਹ) ਲਕੀਰੇ ਸ਼ਬਦਾਂ ਦੇ ਅਰਥ ਲਿਖੋ।
2. ਹੇਠ ਦਿੱਤੇ ਗਏ ਪੈਰ੍ਹੇ ਦਾ ਪੰਜਾਬੀ ਅਨੁਵਾਦ ਕਰੋ :
   Lifeline express refers to a train taking health service to remote villages. In other words it is a mobile hospital which goes from one village to other village. The team of doctors and their assistants travels for the treatement fo villagers. This kind of health service is a noble step. This is the only way to bring relief of the less fortunate people in remote rural areas. This idea is creating interest in other countries also.
3. "ਅੰਬੀ ਦਾ ਬੂਟਾ" ਕਵਿਤਾ ਦਾ ਸਾਰ ਲਿਖੋ।
4. ਹੇਠ ਦਿੱਤੇ ਗਏ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

   ਮਾਏ ਨੀ ਮਾਏ;
   ਮੇਰੇ ਗੀਤਾਂ ਦੇ ਨੈਣਾਂ ਵਿਚ
   ਬਿਰਹੋਂ ਦੀ ਰੜਕ ਪਵੇ!
   ਅੱਧੀ ਅੱਧੀ ਰਾਤੀ—
   ਉਠ ਰੋਣ ਮੋਏ ਮਿੱਤਰਾਂ ਨੂੰ,
   ਮਾਏ ਸਾਨੂੰ ਨੀਂਦ ਨਾ ਪਵੇ!

5. "ਦੁੱਧ ਦਾ ਛੱਪੜ" ਕਹਾਣੀ ਦਾ ਸਾਰ ਲਿਖੋ।
6. "ਭੂਆ" ਕਹਾਣੀ ਦਾ ਵਿਸ਼ਾ-ਵਸਤੂ ਲਿਖੋ।
7. "ਆਓ, ਗੱਲਾਂ ਕਰੀਏ" ਨਿਬੰਧ ਦਾ ਸਾਰ ਲਿਖੋ।
8. "ਮਨੁੱਖ ਕੁਦਰਤ ਦੀ ਨੇਕ ਔਲਾਦ ਨਹੀਂ" ਨਿਬੰਧ ਦਾ ਵਿਸ਼ਾ-ਵਸਤੂ ਲਿਖੋ।